ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
**ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ**

E-Mail id: dpobathinda@gmail.com Tel: 0164-2217295

---

ਵੱਲ

ਸਮੂਹ ਸਕੂਲ ਮੁਖੀ (ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ),
ਜਿਲ੍ਹਾ ਬਠਿੰਡਾ।
ਪੱਤਰ ਨੰ:- ਸਸਅ/ਜਨਰਲ/2020-21/806
ਮਿਤੀ ਬਠਿੰਡਾ: 14.10.2020

ਵਿਸ਼ਾ- **ਵਰਦੀਆਂ ਦੀ ਵੰਡ ਕਰਕੇ ਇਸ ਨੂੰ ਈ.ਪੰਜਾਬ ਪੋਰਟਲ ਤੇ ਅਪਲੋਡ ਕਰਨ ਸਬੰਧੀ।**

ਹਵਾਲਾ- **ਇਸ ਦਫਤਰ ਦੇ ਪੱਤਰ ਨੰ: ਸਸਅ/ਜਨਰਲ/2020-21/796 ਮਿਤੀ 07.10.2020**

ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਆਪ ਨੂੰ ਹਦਾਇਤ ਕੀਤੀ ਗਈ ਸੀ ਕਿ ਜਿਨ੍ਹਾਂ ਸਕੂਲਾਂ ਵੱਲੋਂ ਵਰਦੀਆਂ ਦੀ ਵੰਡ ਕਰ ਦਿੱਤੀ ਗਈ ਹੈ ਉਹਨਾਂ ਸਕੂਲਾਂ ਵੱਲੋਂ ਤੁਰੰਤ ਇਸ ਨੂੰ ਈ.ਪੰਜਾਬ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਬਾਕੀ ਸਕੂਲਾਂ ਵੱਲੋਂ ਤੁਰੰਤ ਵਰਦੀਆਂ ਦੀ ਖਰੀਦ ਕਰਕੇ ਇਹਨਾਂ ਦੀ ਵੰਡ ਕਰਨੀ ਯਕੀਨੀ ਬਣਾਈ ਜਾਵੇ ਪ੍ਰੰਤੂ ਇੱਕ ਹਫਤਾ ਬੀਤ ਜਾਣ ਉਪਰੰਤ ਵੀ ਕੁਝ ਹੀ ਸਕੂਲਾਂ ਵੱਲੋਂ ਵਰਦੀਆਂ ਦੀ ਵੰਡ ਨੂੰ ਈ.ਪੰਜਾਬ ਪੋਰਟਲ ਤੇ ਅਪਡੇਟ ਕੀਤਾ ਗਿਆ ਹੈ। ਮਿਤੀ 15.10.2020 ਨੂੰ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਵਰਦੀਆਂ ਦੀ ਗ੍ਰਾਂਟ ਸਬੰਧੀ ਵੀਡੀਓ ਕਾਨਫਰੰਸ ਕੀਤੀ ਜਾਣੀ ਹੈ। ਇਸ ਲਈ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਸਕੂਲਾਂ ਵੱਲੋਂ ਵਰਦੀਆਂ ਦੀ ਵੰਡ ਕਰ ਦਿੱਤੀ ਗਈ ਹੈ ਉਹਨਾਂ ਵੱਲੋਂ ਤੁਰੰਤ ਈ.ਪੰਜਾਬ ਪੋਰਟਲ ਤੇ ਅਪਡੇਟ ਕੀਤਾ ਜਾਵੇ।
ਨੱਥੀ- ਸਕੂਲਾਂ ਦੀ ਲਿਸਟ ਜਿਨ੍ਹਾਂ ਵੱਲੋਂ ਵਰਦੀਆਂ ਦੀ ਵੰਡ ਈ.ਪੰਜਾਬ ਪੋਰਟਲ ਤੇ ਅਪਲੋਡ ਨਹੀ ਕੀਤੀ ਗਈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ,
ਬਠਿੰਡਾ।

ਪਿੰਠ ਅੰਕਣ ਨੰ:- ਮਿਤੀ - ਸਮ
ਉਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਰਦੀਆਂ ਦੀ ਵੰਡ ਕਰਕੇ ਇਸ ਨੂੰ ਈ.ਪੰਜਾਬ ਪੋਰਟਲ ਤੇ ਅਪਡੇਟ ਕਰਨ ਲਈ ਹਦਾਇਤ ਕੀਤੀ ਜਾਵੇ।

14/10/2020

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ,
ਬਠਿੰਡਾ।